Punjab Government Gazette

Published by Authority

No. 34] CHANDIGARH, FRIDAY, AUGUST 22, 2025 (SRAVANA 31, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਮਾਲ ਤੇ ਪੁਨਰਵਾਸ ਵਿਭਾਗ

ਵਿੱਤੀ ਕਮਿਸ਼ਨਰਜ਼ ਸਕੱਤਰੇਤ

(ਪ੍ਰਸ਼ਾਸ਼ਨ-1 ਸ਼ਾਖਾ)

ਮਿਤੀ 15 ਮਾਰਚ, 2023

ਅਧਿਸੂਚਨਾ

ਨੰ:14-ਰ(78)89-1.ਪ੍ਰ.1/4210.- ਸ਼੍ਰੀਮਤੀ ਰਜਿੰਦਰ ਪਾਲ ਕੌਰ,ਅਧੀਨ ਸਕੱਤਰ, ਵਿੱਤੀ ਕਮਿਸ਼ਨਰਜ ਸਕੱਤਰੇਤ,ਪੰਜਾਬ ਨੇ ਆਪਣੀ ਪ੍ਰਤੀਬੇਨਤੀ ਮਿਤੀ 15.12.2022 ਰਾਹੀਂ ਬੇਨਤੀ ਕੀਤੀ ਸੀ ਕਿ ਉਨ੍ਹਾਂ ਦੇ ਪਰਿਵਾਰ ਦੇ ਵਿੱਚ ਕੁਝ ਹਾਲਾਤ ਅਜਿਹੇ ਹਨ,ਉਨ੍ਹਾਂ ਦੇ ਸੋਹਰਾ (father in law) ਸਾਲ 2017 ਤੋਂ ਬਰੇਨ ਹੈਮਰਜ਼ ਅਤੇ ਸੂਗਰ ਦੇ ਮਰੀਜ ਹੋਣ ਕਰਕੇ ਬੈਡ ਤੇ ਹਨ।ਉਨ੍ਹਾਂ ਦੀ ਸੱਸ ਦੇ ਚੱਲਣ ਵਿੱਚ ਸਮੱਸਿਆ ਹੋਣ ਕਾਰਨ ਡਾਕਟਰਾਂ ਵੱਲੋ ਉਨ੍ਹਾਂ ਦੇ ਗੋਢੇ ਬਦਲਣ ਦੀ ਸਲਾਹ ਦਿੱਤੀ ਗਈ ਹੈ। ਉਨਾਂ ਦੇ ਪਤੀ ਉਨ੍ਹਾਂ ਦੇ ਭੈਣ ਭਰਾਵਾਂ ਵਿੱਚੋ ਅਕੇਲੇ ਹੀ ਹਨ ਜੋ ਆਪਣੇ ਮਾਤਾ ਪਿਤਾ ਦੇ ਨਾਲ ਇੰਡੀਆ ਵਿੱਚ ਰਹਿੰਦੇ ਹਨ ਬਾਕੀ ਦੇ ਬਾਹਰ ਰਹਿੰਦੇ ਹਨ। ਅਜਿਹੇ ਹਾਲਾਤ ਵਿੱਚ ਉਨ੍ਹਾਂ ਦੇ ਪਤੀ ਅਕੇਲੇ ਇਸ ਸਥਿਤੀ ਨੂੰ ਸਾਂਭਣ ਵਿੱਚ ਅਸਮਰੱਥ ਹਨ।ਇਸ ਲਈ ਉਨ੍ਹਾਂ ਦੀ ਜਿੰਦਗੀ ਦੇ ਮੁਸ਼ਕਲ ਹਾਲਾਤਾਂ ਵਿੱਚ ਆਪਣਾ ਸਮਾਂ ਆਪਣੇ ਪਰਿਵਾਰ ਨੂੰ ਦੇਣਾ ਚਾਹੁੰਦੇ ਹਨ।ਇਸ ਤੋਂ ਇਲਾਵਾ ਉਨ੍ਹਾਂ ਦੀ ਵੀ ਸਿਹਤ ਠੀਕ ਨਾ ਹੋਣ ਕਰਕੇ ਸਰਕਾਰੀ ਸੇਵਾ ਨਿਭਾਉਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ।ਇਸ ਲਈ ਉਨ੍ਹਾਂ ਨੇ ਸਵੈਂ-ਇੱਛਤ ਰਿਟਾਇਰਮੈਂਟ ਲੈਣ ਲਈ ਮਿਤੀ 15.12.2022 ਨੂੰ ਤਿੰਨ ਮਹੀਨੇ ਦਾ ਨੋਟਿਸ ਦਿੱਤਾ ਸੀ।

2. ਸ਼੍ਰੀਮਤੀ ਰਜਿੰਦਰ ਪਾਲ ਕੌਰ,ਅਧੀਨ ਸਕੱਤਰ ਨੇ ਇਸ ਸਕੱਤਰੇਤ ਵਿੱਚ ਮਿਤੀ 10.05.1989 ਨੂੰ ਬਤੌਰ ਸੀਨੀਅਰ ਸਹਾਇਕ ਸੇਵਾ ਜੁਆਇੰਨ ਕੀਤੀ ਸੀ।ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ,1975 ਦੇ ਨਿਯਮ 3 ਦੇ ਸਬ ਨਿਯਮ 3(ਏ) ਅਨੁਸਾਰ ਕੋਈ ਵੀ ਕਰਮਚਾਰੀ ਜਿਸ ਦੀ ਸੇਵਾ 20 ਸਾਲ ਦੀ ਪੂਰੀ ਹੋ ਗਈ ਹੋਵੇ ਉਹ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਸਵੈ-ਇੱਛੁਤ ਸੇਵਾ ਨਿਵਿਰਤੀ ਲੈ ਸਕਦਾ ਹੈ। ਇਸ ਅਧਿਕਾਰੀ ਦੀ ਸਰਕਾਰੀ ਸੇਵਾ 20 ਸਾਲਾਂ ਤੋਂ ਵੱਧ ਹੋ ਚੁੱਕੀ ਹੈ ਅਤੇ ਉਹ ਸਵੈ-ਇੱਛੁਤ ਸੇਵਾ ਨਿਵਿਰਤੀ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ।

3. ਸ਼੍ਰੀਮਤੀ ਰਜਿੰਦਰ ਪਾਲ ਕੌਰ, ਅਧੀਨ ਸਕੱਤਰ ਵਿਰੁੱਧ ਚੌਕਸੀ/ਅਦਾਲਤੀ/ਵਿਭਾਗੀ ਪੜਤਾਲ ਅਤੇ ਸ਼ਿਕਾਇਤ ਆਦਿ ਦਾ ਕੋਈ ਕੇਸ ਲੰਬਿਤ ਨਹੀਂ ਅਤੇ ਨਾ ਹੀ ਇਸ ਅਧਿਕਾਰੀ ਵਿਰੁੱਧ ਕੋਈ ਦੇਣਦਾਰੀ ਬਕਾਇਆ ਹੈ। ਇਸ ਲਈ ਸ਼੍ਰੀਮਤੀ ਰਜਿੰਦਰ ਪਾਲ ਕੌਰ, ਅਧੀਨ ਸਕੱਤਰ ਨੂੰ ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ,1975 ਦੇ ਨਿਯਮ 3 ਦੇ ਸਬ

ਨਿਯਮ 3 (ਏ) ਅਨੁਸਾਰ ਉਨ੍ਹਾਂ ਵੱਲੋਂ ਮਿਤੀ 15.12.2022 ਨੂੰ ਦਿੱਤੇ ਤਿੰਨ ਮਹੀਨੇ ਦੇ ਨੋਟਿਸ ਨੂੰ ਪ੍ਰਵਾਨ ਕਰਦੇ ਹੋਏ ਉਨ੍ਹਾਂ ਨੂੰ ਮਿਤੀ 15.03.2023 (ਬਾਅਦ ਦੁਪਹਿਰ) ਤੋਂ ਸਵੈ-ਇੱਛੁਤ ਸੇਵਾ ਨਿਵਿਰਤ ਕੀਤਾ ਜਾਂਦਾ ਹੈ।

ਕੇ.ਏ.ਪੀ. ਸਿਨਹਾ
ਵਧੀਕ ਮੁੱਖ ਸਕੱਤਰ-ਕਮ-
ਵਿੱਤੀ ਕਮਿਸ਼ਨਰ ਮਾਲ,ਪੰਜਾਬ।

3482/8-2025/Pb.Govt.Press, S.A.S. Nagar